The true picture of your local community
NZ ਤਸਵੀਰ NEWS
ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

# NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




09 January 2019 Daily, editornztasveer@gmail.com designnztasveer@gmail.com Ph/Fax: 09 390 4644 FREE

## ਨਿਊਜ਼ੀਲੈਂਡ ਦੇ ਪਹਿਲੇ ਪੰਜਾਬੀ ਸਾਂਸਦ ਵੱਲੋਂ ਮਲੇਸ਼ੀਆ ਦੇ ਪਹਿਲੇ ਪੰਜਾਬੀ ਸਾਂਸਦ ਨਾਲ ਮੁਲਾਕਾਤ




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ): ਨਿਊਜ਼ੀਲੈਂਡ ਦੇ ਸਾਂਸਦ ਸ. ਕਮਲਜੀਤ ਕਮਲਜੀਤ ਸਿੰਘ ਬਖਸ਼ੀ ਨੇ ਆਪਣੇ ਮਲੇਸ਼ੀਆ ਦੇ ਸਰਕਾਰੀ ਦੌਰੇ ਦੌਰਾਨ ਮਲੇਸ਼ੀਆ ਦੇ ਪਹਿਲੇ ਕੈਬਨਿਟ ਮੰਤਰੀ ਬਣ ਚੁੱਕੇ ਸ. ਗੋਬਿੰਦ ਸਿੰਘ ਦਿਓ ਨਾਲ ਲੰਬੀ ਮੁਲਾਕਾਤ ਕੀਤੀ।

ਸਰਦਾਰ ਗੋਬਿੰਦ ਸਿੰਘ ਦਿਓ ਇਸ ਵੇਲੇ ਮਲੇਸ਼ੀਆ ਦੇ ਕਮਨਿਊਕੇਸ਼ਨ ਅਤੇ ਮਲਟੀ ਮੀਡੀਆ ਮੰਤਰੀ ਹਨ ਬ੍ਰਿਟਿਸ਼ ਵਿਖੇ ਵਕਾਲਤ ਦੀ ਪੜ੍ਹਾਈ ਕਰਨ ਵਾਲੇ 45 ਸਰਦਾਰ ਦਿਓ ਡੈਮੋਕ੍ਰੇਟਿਕ ਐਕਸ਼ਨ ਪਾਰਟੀ ਦੇਵੀ ਉਪ ਚੇਅਰਮੈਨ ਵੀ ਹਨ। ਸ.ਦਿਓ ਅੰਮ੍ਰਿਤਸਰ ਦੇ ਨਾਲ ਸਬੰਧ ਰੱਖਦੇ ਹਨ ਜਦ ਕਿ ਨਿਊਜ਼ੀਲੈਂਡ ਦੇ ਸਾਂਸਦ ਸ ਬਖਸ਼ੀ ਦਿੱਲੀ ਦੇ ਨਾਲ ਸਬੰਧ ਰੱਖਦੇ ਹਨ ਅੱਜ ਦੋਹਾਂ ਨੇਤਾਵਾਂ ਨੇ ਜਿੱਥੇ ਮਲੇਸ਼ੀਅਨ ਨਿਊਜ਼ੀਲੈਂਡ ਦੇ ਰਾਜਨੀਤਿਕ ਸੰਬੰਧਾਂ ਬਾਰੇ ਵਿਚਾਰਾਂ ਕੀਤੀਆਂ ਉੱਥੇ ਹੀ ਪ੍ਰਵਾਸੀ ਭਾਰਤੀਆਂ ਦੀ ਖੁਸ਼ਹਾਲੀ ਅਤੇ ਸਿੱਖ ਰਾਜਨੀਤੀ ਲਈ ਵੀ ਗੱਲਬਾਤ ਕੀਤੀ ਸ. ਬਖਸ਼ੀ ਨੇ ਮੰਤਰੀ ਸਾਹਿਬ ਦੇ ਦਫ਼ਤਰ ਚ ਮਹਿਮਾਨ ਬੁੱਕ ਉੱਤੇ ਸੰਦੇਸ਼ ਛੱਡਿਆ ਤੇ ਇੱਕ ਦੂਜੇ ਨੂੰ ਸੌਗਾਤਾਂ ਦਾ ਆਦਾਨ ਪ੍ਰਦਾਨ ਕੀਤਾ।

ਵਲਿੰਗਟਨ ਸਥਿਤ ਮਲੇਸ਼ੀਅਨ ਹਾਈ ਕਮਿਸ਼ਨ ਨੇ ਵੀ ਮਾਣ ਦੇ ਨਾਲ ਇਸ ਮਿਲਣੀ ਨੂੰ ਆਪਣੇ ਸੋਸ਼ਲ ਮੀਡੀਆ ਉੱਤੇ ਤਸਵੀਰਾਂ ਨਾਲ ਸਾਂਝਾ ਕੀਤਾ ਹੈ

## ਨਿਊਜੀਲੈਂਡ 'ਚ ਲੇਬਰ ਦੀ ਭਾਰੀ ਘਾਟ ਦਾ ਅਸਰ ਪੈ ਸਕਦਾ ਹੈ ਸੇਬਾਂ ਦੀ ਫਸਲ 'ਤੇ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਇਸ ਵਾਰ ਸੇਬਾਂ ਦੀ ਫਸਲ ਬਹੁਤ ਹੀ ਜ਼ਿਆਦਾ ਵਧੀਆ ਹੋਈ ਹੈ। ਪਰ ਹਾਕਸ ਬੇਅ ਦੇ ਕਿਸਾਨ ਇੱਕ ਵੱਡੀ ਸਮੱਸਿਆ ਨਾਲ ਜੂਝ ਰਹੇ ਹਨ ਉਨ੍ਹਾਂ ਦਾ ਕਹਿਣਾ ਹੈ ਕਿ ਕਿਸਾਨਾਂ ਨੂੰ ਫਲ ਤੋੜਨ ਦੇ ਲਈ ਕਰਮਚਾਰੀਆਂ ਦੀ ਬਹੁਤ ਵੱਡੀ ਘਾਟ ਨਾਲ ਨਜਿੱਠਣਾ ਪੈ ਰਿਹਾ ਹੈ ਅਤੇ ਇਸੇ ਲਈ ਉਨ੍ਹਾਂ ਨੇ ਸਰਕਾਰ ਵੱਲੋਂ ਸਰਕਾਰ ਨੂੰ ਇਹ ਬੇਨਤੀ ਕੀਤੀ ਹੈ ਕਿ ਉਹ ਲੇਬਰ ਲਾਅ ਦੇ ਵਿੱਚ ਬਦਲਾਅ ਕਰੇ ਅਤੇ ਤੁਰੰਤ ਸੀਜ਼ਨਲ ਲੇਬਰ ਸ਼ਾਰਟੇਜ ਘੋਸ਼ਿਤ ਕਰੇ ਤਾਂ ਜੋ ਸਮਾਂ ਰਹਿੰਦੇ ਉਹ ਆਪਣੇ ਲਈ ਵਧੇਰੇ ਕਰਮਚਾਰੀ ਲੱਭ ਸਕਣ।ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਯਮੀ ਫਰੂਟ ਦੇ ਪਾਲ ਪੇਂਟਰ ਨੇ ਦੱਸਿਆ ਕਿ ਜੇਕਰ ਕਿਸਾਨਾਂ ਨੂੰ ਕਰਮਚਾਰੀਆਂ ਦੀ ਘਾਟ ਇਸੇ ਤਰ੍ਹਾਂ ਹੀ ਬਣੀ ਰਹੀ ਤਾਂ ਇਸ ਵਰ੍ਹੇ ਘੱਟੋ ਘੱਟ 50 ਤੋਂ 60 ਮਿਲੀਅਨ ਡਾਲਰ ਦਾ ਨੁਕਸਾਨ ਹੋਵੇਗਾ ਅਤੇ ਇਹ ਬਹੁਤ ਵੱਡਾ ਘਾਟਾ ਹੋਵੇਗਾ।

## ਨਿਊਜੀਲੈਂਡ ਪੰਜਾਬੀ ਭਾਈਚਾਰੇ ਦਾ ਮਾਣ ਬਣ ਚੁੱਕਾ ਹੈ 9 ਸਾਲਾ 'ਇਸ਼ਵੀਰ ਸਿੰਘ ਢਿੱਲੋਂ'




ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ): ਪੰਜਾਬੀਆਂ ਦਾ ਬਾਹਰਲੇ ਮੁਲਕਾਂ ਵਿੱਚ ਜਾ ਕੇ ਮਿਹਨਤ, ਲਗਨ, ਤਨਦੇਹੀ ਨਾਲ ਨਾਮ ਕਮਾਉਣ ਦੀਆਂ (ਮੱਲਾਂ ਮਾਰਨ ) ਦੀਆਂ ਖਬਰਾਂ ਆਪਾਂ ਅਕਸਰ ਪੜ੍ਹਦੇ-ਸੁਣਦੇ ਰਹਿੰਦੇ ਹਾਂ। ਪੰਜਾਬ ਦੇ ਪਿੰਡ ਧੀਰੋਵਾਲ ਜ਼ਿਲ੍ਹਾ ਜਲੰਧਰ ਨਾਲ ਸਬੰਧ ਰੱਖਣ ਵਾਲਾ ਢਿੱਲੋਂ ਪਰਿਵਾਰ ਦਾ ਮਾਣਮੱਤਾ ਪੁੱਤਰ ਜੋ ਕਿ ਅੱਜਕੱਲ ਨਿਊਜੀਲੈਂਡ ਪਰਿਵਾਰ ਸਮੇਤ ਰਹਿ ਰਿਹਾ ਹੈ ਵੀ ਪੰਜਾਬ ਅਤੇ ਪੰਜਾਬੀਆਂ ਦਾ ਨਾਮ ਉੱਚਾ ਕਰ ਰਿਹਾ ਹੈ। 9 ਸਾਲਾ ਇਸ਼ਵੀਰ ਸਿੰਘ ਢਿੱਲੋਂ ਫੁੱਟਬਾਲ ਬਹੁਤ ਵਧੀਆ ਖਿਡਾਰੀ ਹੈ ਉਹ ਕਾਫੀ ਮੁਕਾਬਲਿਆਂ ਵਿੱਚ ਆਪਣੀ ਖੇਡ ਦਾ ਲੋਹਾ ਮਨਵਾ ਚੁੱਕਾ ਹੈ। ਕਿ 9 ਸਾਲ ਦੀ ਉਮਰ ਵਿੱਚ ਹੀ ਸ਼ਾਨਦਾਰ ਫੁੱਟਬਾਲ ਖੇਡਣ ਕਰਕੇ ਅੰਤਰਰਾਸ਼ਟਰੀ ਟੀਮਾਂ ਨਾਲ ਵੀ ਖੇਡ ਚੁੱਕਾ ਹੈ ਅਤੇ ਹੁਣ ਆਉਂਦੀ 10 ਤੋਂ 23 ਤਾਰੀਖ ਤੱਕ ਵਲਿੰਗਟਨ ਫੀਨਿਕਸ ਸਾਕਰ ਕਲੱਬ ਵੱਲੋਂ ਜਾਪਾਨ ਖੇਡਣ ਜਾ ਰਿਹਾ ਹੈ। ਜੋ ਕਿ ਸਾਰੇ ਹੀ ਨਿਊਜੀਲੈਂਡ ਵਸਦੇ ਪੰਜਾਬੀਆਂ ਲਈ ਬੜੇ ਮਾਣ ਵਾਲੀ ਗੱਲ ਹੈ।

## 65 ਸਾਲਾ ਵਿਅਕਤੀ ਦੀ ਲਾਸ਼ ਬਰਾਮਦ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਇਕ 65 ਸਾਲਾ ਮਛੇਰੇ ਦੀ ਲਾਸ਼ ਕੱਲ੍ਹ ਸ਼ਾਮੀਂ ਤੋਂ ਲਾਪਤਾ ਸੀ ਜਿਸ ਦੀ ਲਾਸ਼ ਉੱਤਰ-ਪੱਛਮ ਵਿਚ Hokianga Harbour ਤੋਂ ਮਿਲੀ ਹੈ। ਪੁਲਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਸਵੇਰੇ 5.15 ਵਜੇ ਇਸ ਸਬੰਧੀ ਸੂਚਿਤ ਕੀਤਾ ਗਿਆ ਸੀ ਕਿ ਇੱਕ ਆਦਮੀ ਮਟੂਕਰਕਾ ਪੁਆਇੰਟ, ਕੋਹੁਕੋਹੁ ਵਿਖੇ ਮੱਛੀਆਂ ਫੜਨ ਗਿਆ ਸੀ ਪਰ ਵਾਪਸ ਨਹੀਂ ਆਇਆ।ਪੁਲਿਸ ਨੇ ਕੋਸਟਗਾਰਡ ਅਤੇ ਹਵਾਈ ਸੇਵਾ ਲੈ ਕੇ ਦੀ ਭਾਲ ਸ਼ੁਰੂ ਕੀਤੀ। ਦੇਰ ਰਾਤ ਤੱਕ ਵਿਅਕਤੀ ਦਾ ਕੁੱਝ ਵੀ ਥਹੁ-ਪਤਾ ਨਹੀਂ ਲੱਗਿਆ। ਪਰ ਸਵੇਰੇ 8 ਵਜੇ ਦੇ ਕਰੀਬ ਵਿਅਕਤੀ ਦੀ ਲਾਸ਼ ਬਰਾਮਦ ਹੋਈ। ਪੁਲਿਸ ਦਾ ਕਹਿਣਾ ਹੈ ਕਿ ਸਾਰੇ ਮਾਮਲੇ ਦੀ ਹਰ ਐਂਗਲ ਤੋਂ ਜਾਂਚ ਕੀਤੀ ਜਾ ਰਹੀ ਹੈ।

## ਨਿਊਜੀਲੈਂਡ 'ਚ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਵਿੱਚ ਗੁਰੂ ਸਾਹਿਬ ਦੇ ਪ੍ਰਕਾਸ਼ 13 ਨੂੰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ):ਨਿਊਜੀਲੈਂਡ ਦੀ ਸਿੱਖ ਸੰਗਤ ਲਈ ਖੁਸ਼ੀ ਦੀ ਖਬਰ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਲੈ ਕੇ ਜਿੱਥੇ ਨਿਊਜੀਲੈਂਡ 'ਚ ਵੱਖ-ਵੱਖ ਸਮਾਗਮਾਂ ਦਾ ਆਯੋਜਿਨ ਕੀਤਾ ਜਾ ਰਿਹਾ ਹੈ ਉੱਥੇ ਹੀ ਸੰਨ 2016 ਤੋਂ 'ਵੀਰੀ' ਵਿਖੇ ਆਰਜੀ ਤੌਰ 'ਤੇ ਸਥਾਪਿਤ ਗੁਰਦੁਆਰਾ ਸਾਹਿਬ ਨੂੰ ਜਲਦੀ ਹੀ ਨਵੀਂ ਬਣੀ ਇਮਾਰਤ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ। ਮਿਲੀ ਜਾਣਕਾਰੀ ਅਨੁਸਾਰ 'ਬੌਟਨੀ ਦੇ ਨੇੜੇ 84 ਲੇਡੀ ਰੂਬੀ ਡ੍ਰਾਈਵ, ਈਸਟ ਟਮਾਕੀ ਆਕਲੈਂਡ ਵਿਖੇ ਗੁਰੂ ਘਰ ਦੀ ਸ਼ਾਨਦਾਰ ਇਮਾਰਤ ਦਾ ਕੰਮ ਮੁਕੰਮਲ ਹੋਣ ਵਾਲਾ ਹੈ। ਇਸ ਗੁਰੂ ਘਰ ਲਈ ਕੁੱਲ 2153 ਵਰਗ ਫੁੱਟ ਥਾਂ ਵਿੱਚੋਂ 843 ਫਲੋਰ ਏਰੀਆ ਕਵਰ ਕੀਤਾ ਗਿਆ ਹੈ। ਇਸ ਥਾਂ 'ਤੇ ਨਵਾਂ ਦਰਬਾਰ ਹਾਲ, ਲੰਗਰ ਹਾਲ, ਅਤੇ ਹੋਰ ਜਰੂਰੀ ਸੁਵਿਧਾਵਾਂ ਲਈ ਕੰਮ ਜੋਰਾਂ 'ਤੇ ਚੱਲ ਰਿਹਾ ਹੈ। ਇਸ ਅਸਥਾਨ 'ਤੇ 13 ਜਨਵਰੀ ਨੂੰ ਗੁਰੂ ਜੀ ਦੇ ਜਨਮ ਦਿਹਾੜੇ ਵਾਲੇ ਦਿਨ ਬੇਸ਼ੱਕ ਕੋਈ ਰਸਮੀ ਉਦਘਾਟਨ ਨਹੀਂ ਹੋਵੇਗਾ ਪਰ ਇਸ ਮੌਕੇ ਸਵੇਰੇ 9 ਵਜੇ ਗੁਰੂ ਸਾਹਿਬ ਦੇ ਪ੍ਰਕਾਸ਼ ਹੋਣਗੇ, ਹੁਕਮਨਾਮੇ ਉਪਰੰਤ 12 ਵਜੇ ਤੱਕ ਸ਼ਬਦ ਕੀਰਤਨ ਅਤੇ 12 ਤੋਂ 1.30 ਵਜੇ ਤੱਕ ਕਥਾ ਵਿਚਾਰਾਂ ਹੋਣਗੀਆ। ਸੰਗਤਾਂ ਲਈ ਗੁਰੂ ਕੇ ਅਤੁੱਟ ਲੰਗਰ ਵਰਤਾਏ ਜਾਣਗੇ। ਇਸ ਮੌਕੇ ਸੰਗਤਾਂ ਨੂੰ ਸਵੇਰੇ ਹੀ ਪਹੁੰਚਣ ਦੀ ਅਪੀਲ ਕੀਤੀ ਗਈ ਹੈ। ਨਵੀਂ ਇਮਾਰਤ ਦਾ ਰਸਮੀ ਉਦਘਾਟਨ ਵਿਸਾਖੀ ਮੌਕੇ ਕੀਤੇ ਜਾਣ ਦੀ ਸੰਭਾਵਨਾ ਹੈ।




## ਮੌਸਮ ਨੇ ਖੋਲ੍ਹੀ ਪ੍ਰਸ਼ਾਸਨ ਦੀ ਪੋਲ, 40 ਘੰਟੇ ਬਰਫ ਚ ਫਸੀਆਂ ਰਹੀਆਂ 29 ਜ਼ਿੰਦਗੀਆਂ

ਪਾਂਗੀ— ਹਿਮਾਚਲ ਪ੍ਰਦੇਸ਼ ਦੇ ਪਿੰਡ ਪਾਂਗੀ ਸਥਿਤ ਆਪਣੇ ਘਰੋਂ ਟੈਕਸੀਆਂ ਦੇ ਜ਼ਰੀਏ ਨਿਕਲੇ 29 ਯਾਤਰੀ ਜੰਮੂ-ਕਸ਼ਮੀਰ ਸੂਬੇ ਦੇ ਕਿਸ਼ਤਵਾੜ ਜ਼ਿਲੇ ਵਿਚ ਬਰਫਬਾਰੀ 'ਚ ਫਸ ਗਏ। ਬੀਤੇ 40 ਘੰਟਿਆਂ ਤੋਂ ਇਨ੍ਹਾਂ ਲੋਕਾਂ ਨੂੰ ਬਰਫ ਵਿਚ ਆਪਣੀਆਂ ਗੱਡੀਆਂ 'ਚ ਰਹਿ ਕੇ ਰਾਤ ਅਤੇ ਦਿਨ ਗੁਜਾਰਨੇ ਪਏ। ਗੱਡੀਆਂ ਵਿਚ ਬਰਫਬਾਰੀ ਵਿਚ ਫਸੇ ਰਹਿਣ ਵਾਲੇ ਇਨ੍ਹਾਂ ਲੋਕਾਂ ਵਿਚ 19 ਪੁਰਸ਼, 7 ਔਰਤਾਂ ਅਤੇ 3 ਬੱਚੇ ਸ਼ਾਮਲ ਹਨ। ਇਹ ਗੱਡੀਆਂ ਕਿਸ਼ਤਵਾੜ ਤੋਂ 105 ਕਿਲੋਮੀਟਰ ਦੀ ਦੂਰੀ ਤੈਅ ਕਰਨ ਤੋਂ ਬਾਅਦ ਜਦੋਂ ਸ਼ੁੱਕਰਵਾਰ ਦੀ ਰਾਤ ਕਰੀਬ ਢਾਈ ਵਜੇ ਇਸ਼ਤੇਆਰੀ ਨਾਮੀ ਸਥਾਨ 'ਤੇ ਪੁੱਜੀਆਂ ਤਾਂ ਭਾਰੀ ਬਰਫਬਾਰੀ ਸ਼ੁਰੂ ਹੋਣ ਕਾਰਨ ਇਹ ਸਾਰੇ ਉੱਥੇ ਹੀ ਰੁੱਕ ਗਏ।

ਰਾਤ ਨੂੰ ਹੋਈ ਭਾਰੀ ਬਰਫਬਾਰੀ ਕਾਰਨ ਗੱਡੀਆਂ ਨਾ ਤਾਂ ਅੱਗੇ ਵਧ ਸਕੀਆਂ ਅਤੇ ਨਾ ਹੀ ਕਿਸ਼ਤਵਾੜ ਵੱਲ ਪਿੱਛੇ ਮੁੜ ਸਕੀਆਂ। ਇਸ ਤਰ੍ਹਾਂ ਸ਼ਨੀਵਾਰ ਅਤੇ ਐਤਵਾਰ ਨੂੰ ਇਨ੍ਹਾਂ ਲੋਕਾਂ ਨੂੰ ਗੱਡੀਆਂ ਵਿਚ ਹੀ ਬੈਠਣ ਲਈ ਮਜ਼ਬੂਰ ਹੋਣਾ ਪਿਆ। ਹਾਲਾਂਕਿ ਐਤਵਾਰ ਨੂੰ ਹੀ ਪਾਂਗੀ ਡਿਵੀਜ਼ਨ ਪ੍ਰਸ਼ਾਸਨ ਨੂੰ ਇਸ ਬਾਰੇ ਜਾਣਕਾਰੀ ਮਿਲ ਗਈ ਪਰ ਵਧ ਬਰਫ ਹੋਣ ਕਾਰਨ ਪਾਂਗੀ ਪ੍ਰਸ਼ਾਸਨ ਇਸ ਮਾਮਲੇ ਵਿਚ ਪੂਰੀ ਤਰ੍ਹਾਂ ਨਾਲ ਅਸਮਰੱਥ ਨਜ਼ਰ ਆਇਆ। ਐੱਸ.ਡੀ.ਐੱਮ.ਪਾਂਗੀ ਵੀ. ਭਾਰਤੀ ਦਾ ਕਹਿਣਾ ਹੈ ਕਿ ਇਸ ਬਾਰੇ ਜਾਣਕਾਰੀ ਮਿਲਦੇ ਹੀ ਬੀ.ਆਰ.ਓ.ਨੂੰ ਕਿਲਾੜ ਤੋਂ ਸੰਸਾਰੀ ਨਾਲਾ ਤਕ ਸੜਕ ਮਾਰਗ ਖੋਲ੍ਹਣ ਦੇ ਨਿਰਦੇਸ਼ ਦੇ ਦਿੱਤੇ ਹਨ, ਜਿਸ 'ਤੇ ਕੰਮ ਸ਼ੁਰੂ ਹੋ ਗਿਆ ਹੈ। ਇਸ ਤੋਂ ਅੱਗੇ ਦਾ ਸੜਕ ਦਾ ਹਿੱਸਾ ਕਿਸ਼ਤਵਾੜ ਜ਼ਿਲੇ ਦੇ ਅਧੀਨ ਆਉਂਦਾ ਹੈ। ਲੋਕਾਂ ਨੂੰ ਕਿਲਾੜ ਲਿਆਉਣ ਲਈ ਸਾਰੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਗੱਡੀਆਂ ਵਿਚ ਫਸੇ ਲੋਕ ਇਕ ਕਿਲੋਮੀਟਰ ਦੀ ਪੈਦਲ ਯਾਤਰਾ ਤੈਅ ਕਰ ਕੇ ਤਯਾਰੀ ਪਿੰਡ ਪਹੁੰਚੇ। ਉੱਥੋਂ ਦੇ ਲੋਕਾਂ ਨੇ ਮੁਸੀਬਤ ਵਿਚ ਫਸੇ ਲੋਕਾਂ ਨੂੰ ਸ਼ਰਨ ਦਿੱਤੀ। 2 ਦਿਨ ਤੋਂ ਇਨ੍ਹਾਂ ਸਾਰਿਆਂ ਨੇ ਉੱਥੇ ਹੀ ਸ਼ਰਨ ਲਈ ਹੋਈ ਹੈ।

## ਜਦੋਂ ਵਿਦਿਆਰਥਣਾਂ ਨਾਲ ਸਟੇਜ ਤੇ ਜਾ ਕੇ ਡਾਂਸ ਕਰਨ ਲੱਗੇ ਨੇਤਾ ਜੀ

ਭੰਡਾਰਾ— ਮਹਾਰਾਸ਼ਟਰ ਦੇ ਭੰਡਾਰਾ ਜ਼ਿਲੇ 'ਚ ਇਕ ਸਕੂਲ ਦੇ ਸੰਸਕ੍ਰਿਤੀ ਪ੍ਰੋਗਰਾਮ 'ਚ ਸਥਾਨਕ ਸੰਸਦ ਮੈਂਬਰ ਫਿਲਮੀ ਗੀਤ 'ਤੇ ਵਿਦਿਆਰਥਣਾਂ ਨਾਲ ਡਾਂਸ ਕਰਦੇ ਦਿੱਸੇ। ਸੰਸਦ ਮੈਂਬਰ ਮਧੁਕਰ ਕੁਕੜੇ ਨੂੰ ਡਾਂਸ ਕਰਦੇ ਦੇਖ ਕੈਂਪਸ 'ਚ ਮੌਜੂਦ ਹੋਰ ਵਿਦਿਆਰਥੀ-ਵਿਦਿਆਰਥਣਾਂ ਅਤੇ ਦੂਜੇ ਮਹਿਮਾਨ ਵੀ ਨਾਲ-ਨਾਲ ਡਾਂਸ ਕਰਨ ਲੱਗੇ। ਇਸ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਖ਼ੂਬ ਵਾਇਰਲ ਹੋ ਰਿਹਾ ਹੈ। ਇਸ ਵੀਡੀਓ 'ਚ ਸਕੂਲ ਦੇ ਪ੍ਰੋਗਰਾਮ 'ਚ ਇਕ ਗੀਤ 'ਤੇ ਭੰਡਾਰਾ ਗੋਂਦੀਆ ਤੋਂ ਐੱਨ.ਸੀ.ਪੀ. ਦੇ ਸੰਸਦ ਮੈਂਬਰ ਮਧੁਕਰ ਕੁਕੜੇ ਵਿਦਿਆਰਥਣ ਨਾਲ ਡਾਂਸ ਕਰ ਰਹੇ ਹਨ। ਪਹਿਲਾਂ ਉਹ ਹੌਲੀ-ਹੌਲੀ ਆਪਣੀ ਥਾਂ 'ਤੇ ਡਾਂਸ ਕਰਦੇ ਹਨ ਅਤੇ ਕੁਝ ਦੇਰ 'ਚ ਹੀ ਜੋਸ਼ 'ਚ ਉਹ ਅੱਗੇ ਵਧਦੇ ਹਨ ਅਤੇ ਵਿਦਿਆਰਥਣਾਂ ਕੋਲ ਜਾ ਕੇ ਡਾਂਸ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਦੌਰਾਨ ਪਿੱਛੇ ਮੌਜੂਦ ਕੁਝ ਲੋਕ ਸੰਸਦ ਮੈਂਬਰ ਨੂੰ ਉਤਸ਼ਾਹਤ ਕਰਦੇ ਦਿੱਸੇ। ਕੈਂਪਸ 'ਚ ਵਿਦਿਆਰਥਣਾਂ ਨਾਲ ਡਾਂਸ ਕਰਦੇ ਸੰਸਦ ਮੈਂਬਰ ਨੂੰ ਦੇਖ ਕੇ ਉੱਥੇ ਮੌਜੂਦ ਲੋਕ ਖ਼ੂਬ ਤਾੜੀਆਂ ਵਜਾਉਂਦੇ ਹਨ ਅਤੇ ਆਪਣੀ-ਆਪਣੀ ਜਗ੍ਹਾ 'ਤੇ ਡਾਂਸ ਸ਼ੁਰੂ ਕਰ ਦਿੰਦੇ ਹਨ। ਇਸ ਦੌਰਾਨ ਹੋਰ ਲੋਕਾਂ ਨੂੰ ਵੀ ਇਸ ਡਾਂਸ 'ਚ ਸ਼ਾਮਲ ਹੋਣ ਲਈ ਸੰਸਦ ਮੈਂਬਰ ਹੱਥ ਨਾਲ ਇਸ਼ਾਰਾ ਕਰਦੇ ਦਿੱਸਦੇ ਹਨ। ਦੂਜੇ ਪਾਸੇ ਇਸ ਵੀਡੀਓ ਵਾਇਰਲ 'ਤੇ ਲੋਕਾਂ ਦੀਆਂ ਤਰ੍ਹਾਂ-ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਵੀ ਸਾਹਮਣੇ ਆਈਆਂ ਹਨ।

## ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਮਨਦੀਪ ਖੁਰਮੀ ਹਿੰਮਤਪੁਰਾ ਦਾ ਮਾਂ ਬੋਲੀ ਪ੍ਰਤੀ ਸੇਵਾਵਾ ਬਦਲੇ ਵਿਸ਼ੇਸ਼ ਸਨਮਾਨ

### -ਨੀਟਾ ਮਾਛੀਕੇ ਵੱਲੋਂ ਆਪਣੀ ਮਾਂ ਨੂੰ ਸਮਰਪਿਤ ਪੁਸਤਕ "ਦਿਲਾਂ ਚ ਧੜਕਦੀ ਐਂ ਤੂੰ" ਲੋਕ ਅਰਪਿਤ

ਫਰਿਜ਼ਨੋ,ਕੈਲੇਫੋਰਨੀਆਂ (ਕੁਲਵੰਤ ਉੱਭੀ ਧਾਲੀਆਂ): ਪੰਜਾਬੀ ਮਾਂ ਬੋਲੀ ਅਤੇ ਪੰਜਾਬੀਅਤ ਦੇ ਵਿਕਾਸ ਵਿੱਚ ਹਿੱਸਾ ਪਾ ਰਹੇ ਿ?ਗਲੈਂਡ ਤੋਂ ਬਹੁ-ਪੱਖੀ ਸ਼ਖ਼ਸੀਅਤ ਦੇ ਮਾਲਕ ਪੱਤਰਕਾਰ ਮਨਦੀਪ ਖੁਰਮੀਂ ਦਾ ਅਮਰੀਕਾ ਪੁੱਜਣ 'ਤੇ ਫਰਿਜ਼ਨੋ ਵਿਖੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਸਨਮਾਨ ਉਨ੍ਹਾਂ ਦੀਆਂ ਪੱਤਰਕਾਰੀ, ਲੇਖਣ ਕਾਰਜ, ਗੀਤਕਾਰੀ, ਗਾਇਕੀ ਅਤੇ ਪੰਜਾਬੀਅਤ ਦੇ ਵਿਕਾਸ ਵਿੱਚ ਵਿਸ਼ੇਸ਼ ਸੇਵਾਵਾ ਨੂੰ ਮੱਦੇਨਜ਼ਰ ਰੱਖਦਿਆਂ ਕੀਤਾ ਗਿਆ। ਇਸ ਸਮਾਗਮ ਦੀ ਵਿਸ਼ੇਸ਼ਤਾ ਹੀ ਇਹ ਸੀ ਕਿ ਸਮੁੱਚਾ ਸਮਾਗਮ ਮਾਤਾ ਸਵ: ਮੁਖਤਿਆਰ ਕੌਰ ਦੀ ਮਿੱਠੀ ਯਾਦ ਨੂੰ ਸਮਰਪਿਤ ਸੀ। ਜਿਕਰਯੋਗ ਹੈ ਕਿ ਇਸ ਸਮੇਂ ਪੁਸਤਕ ਮਾਤਾ ਦੇ ਛੋਟੇ ਸਪੁੱਤਰ ਪੱਤਰਕਾਰ ਤੇ ਲੇਖਕ ਗੁਰਿੰਦਰਜੀਤ ਨੀਟਾ ਮਾਛੀਕੇ ਨੇ ਮਾਂ ਦੀਆਂ ਯਾਦਾਂ ਨੂੰ ਕਲਮਬੱਧ ਕਰਕੇ "ਦਿਲਾਂ ਚ ਧੜਕਦੀ ਐਂ ਤੂੰ" ਦੇ ਨਾਮ ਹੇਠ ਸੰਪਾਦਕ ਕੀਤਾ ਹੈ। ਿ?ਸ ਪੁਸਤਕ ਨੂੰ ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆਂ, ਵਿਸ਼ਵ ਪੰਜਾਬੀ ਸਾਹਿਤ ਅਕਾਦਮੀਂ, ਪੀ.ਸੀ.ਏ, ਇੰਡੋ ਅਮੈਰਿਕਨ ਹੈਰੀਟੇਜ਼ ਫੋਰਮ ਅਤੇ ਇੰਡੋ ਯੂ. ਐਸ. ਹੈਰੀਟੇਜ਼ ਐਸੋਸੀਏਸ਼ਨ ਦੇ ਬਹੁਤ ਸਾਰੇ ਸੁਹਿਰਦ ਸੱਜਣਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ




ਗਿਆ। ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆਂ ਵੱਲੋਂ ਿ?ਸ ਪੁਸਤਕ 'ਤੇ ਪਰਚਾ ਪੜ੍ਹਦਿਆਂ ਲੇਖਕ ਸੰਤੋਖ ਮਨਿਹਾਸ ਨੇ ਕਿਹਾ ਕਿ "ਮਾਤਾ ਜੀ ਨੇ ਸਾਰੀ ਜਿੰਦਗੀ ਅਧਿਆਪਨ ਤੋਂ ਿ?ਲਾਵਾ ਲੋਕ-ਭਲਾਈ ਅਤੇ ਸਮਾਜਿਕ ਸੇਵਾ ਕਰਨ ਵਿੱਚ ਗੁਜ਼ਾਰੀ। ਇਹ ਪੁਸਤਕ ਸਮੁੱਚੇ ਤੌਰ 'ਤੇ ਮਾਤਾ ਜੀ ਦੀਆਂ ਸਮਾਜ ਪ੍ਰਤੀ ਵਿਦਿਅਕ ਅਤੇ ਸਮਾਜਕ ਸੇਵਾਵਾਂ ਦਾ ਿ?ੱਕ ਗੁਲਦਸਤਾ ਹੈ।" ਪ੍ਰੋਗਰਾਮ ਦੀ ਸ਼ੁਰੂਆਤ ਪੱਤਰਕਾਰ ਨੀਟਾ ਮਾਛੀਕੇ ਸਭਨਾਂ ਨੂੰ ਨਿੱਘੀ ਜੀ ਆਇਆਂ ਕਹਿਣ ਨਾਲ ਕੀਤੀ। ਮਾਤਾ ਜੀ ਨਾਲ ਜੁੜੀਆਂ ਸੁਖਾਵੀਆਂ ਯਾਦਾਂ ਦੇ ਪੰਨੇ ਫਰੋਲਣ ਵਾਲਿਆਂ ਵਿੱਚ ਵਿੱਚ ਗਾਇਕ ਬੱਲੂ ਸਿੰਘ, ਗਾਇਕ ਬੱਬੂ ਗੁਰਪਾਲ, ਜਗਦੇਵ ਧੰਜਲ, ਗਾਇਕ ਧਰਮਵੀਰ ਥਾਂਦੀ, ਗਾਇਕ ਗੋਗੀ ਸੰਧੂ, ਲੇਖਕ ਇੰਦਰਜੀਤ ਥਰੀਕੇ, ਗੁਰਦੀਪ ਸਿੰਘ ਅਣਖੀ, ਕੁਲਵੰਤ ਉੱਭੀ ਧਾਲੀਆਂ, ਦਿੱਲ ਨਿੱਝਰ, ਮੇਜਰ ਕੁਲਾਰ, ਪ੍ਰੋਥ ਗੁਰਬਖਸ਼ੀਸ਼ ਗਰੇਵਾਲ, ਜਗਤਾਰ ਗਿੱਲ, ਐਸ਼ ਅਸ਼ੋਕ ਭੌਰਾ, ਗਾਇਕ ਅਕਾਸ਼ਦੀਪ ਆਕਾਸ਼, ਮਨਦੀਪ ਖੁਰਮੀਂ ਹਿੰਮਤਪੁਰਾ, ਲੇਖਕ ਤੇ ਚਿੰਤਕ ਅਵਤਾਰ ਗੋਦਾਰਾ, ਮਾਸਟਰ ਦਲਬਾਰਾ ਸਿੰਘ ਧਾਲੀਵਾਲ, ਸ਼ਾਇਰ ਕੁਲਵੰਤ ਸੇਖੋਂ, ਬਲਬੀਰ ਸਿੰਘ ਐਮ ਏ ਅਤੇ ਡਾਥ ਸਿਮਰਜੀਤ ਸਿੰਘ ਧਾਲੀਵਾਲ ਆਦਿ ਦੇ ਨਾਮ ਸਾਮਲ ਹਨ। ਪਰ ਿ?ਸ ਸਮਾਗਮ ਦੀ ਖਾਸ ਗੱਲ ਿ?ਹ ਸੀ ਕਿ ਿ?ਗਲੈਡ ਦੇ ਜਨਮੇ ਸੱਤ ਸਾਲ ਦੇ ਬੱਚੇ ਹਿੰਮਤ ਖੁਰਮੀਂ ਨੇ ਸੁੱਧ ਪੰਜਾਬੀ ਵਿੱਚ ਗੀਤ ਗਾ ਕੇ ਮਾਤਾ ਜੀ ਨੂੰ ਸਰਧਾ ਦੇ ਫੁੱਲ ਭੇਟ ਕੀਤੇ। ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਜਸਵੰਤ ਸਿੰਘ ਸ਼ਾਦ ਨੇ ਬਾਖ਼ੂਬੀ ਕੀਤਾ। ਸਮਾਜਿਕ ਅਤੇ ਸਾਹਿਤਕ ਜੱਥੇਬੰਦੀਆਂ ਦੀ ਹਾਜ਼ਰੀ ਵਿੱਚ ਮਾਤਾ ਜੀ ਨੂੰ ਸ਼ਰਧਾਂਜਲੀਆਂ ਦਿੰਦਾ ਿ?ਹ ਸਮਾਗਮ ਯਾਦਗਾਰੀ ਹੋ ਨਿੱਬੜਿਆ।

## ਆਕਲੈਂਡ 'ਚ 16 ਸਾਲਾ ਕੁੜੀ ਨੂੰ ਭਰਮਾਉਣ ਦੀ ਕੋਸ਼ਿਸ਼ ਕਰਨ ਵਾਲੇ ਵਿਅਕਤੀ ਦੀ ਭਾਲ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਪੋਰੈੱਟ ਐਵੀਨਿਊ ਚੈਟਸ ਵੁੱਡ ਵਿੱਚ 16 ਸਾਲਾ ਕੁੜੀ ਜਦੋਂ ਆਪਣੇ ਘਰ ਜਾ ਰਹੀ ਸੀ ਤਾਂ ਇੱਕ ਵਿਅਕਤੀ ਉਸ ਕੋਲ ਆਇਆ ਅਤੇ ਉਸਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ ? ਉਕਤ ਵਿਅਕਤੀ ਚਿੱਟੀ ਐਸਯੂ ਵਿੱਚ ਸੀ ਅਤੇ ਉਸਦੇ ਕਾਲੇ ਰੰਗ ਦੇ ਵਾਲ ਸਨ ਅਤੇ ਉਮਰ 35-40 ਸਾਲ ਦੇ ਵਿਚਕਾਰ ਸੀ ? ਉਹ ਕੋਕੇਸ਼ੀਅਨ ਮੂਲ ਦਾ ਸੀ, ਬਹਾਨੇ ਨਾਲ ਉਸ ਕੋਲ ਆ ਕੇ ਰਸਤਾ ਪੁੱਛਣ ਲੱਗ ਗਿਆ ਅਤੇ ਬਾਅਦ ਵਿੱਚ ਗੱਡੀ ਵਿੱਚ ਬੈਠਣ ਲਈ ਕਿਹਾ ? ਪੁਲਿਸ ਵਲੋਂ ਉਕਤ ਵਿਅਕਤੀ ਦੀ ਭਾਲ ਹੈ ਅਤੇ ਜੇਕਰ ਕਿਸੇ ਨੂੰ ਇਸ ਬਾਬਤ ਜਾਣਕਾਰੀ ਹੋਵੇ ਤਾਂ ਪੁਲਿਸ ਨੂੰ 09 839 0697 ਇਸ ਨੰਬਰ ਤੇ ਸੰਪਰਕ ਕੀਤਾ ਜਾਵੇ